## ਪੰਜਾਬ ਸਰਕਾਰ
## ਸਿੱਖਿਆ ਵਿਭਾਗ

ਵੱਲ :

**ਸਮੂਹ ਜਿਲ੍ਹਾ ਸਿੱਖਿਆ ਅਫਸਰ (ਸੈ.ਸਿ.), ਪੰਜਾਬ**
**ਸਮੂਹ ਜਿਲ੍ਹਾ ਸਿੱਖਿਆ ਅਫਸਰ (ਐ.ਸਿ.), ਪੰਜਾਬ**
**ਸਮੂਹ ਬਲਾਕ ਪ੍ਰਾਇਮਰੀ ਸਿੱਖਿਆ ਅਫਸਰ, ਪੰਜਾਬ**

ਮੀਮੋ ਨੰ : 13/1-2018/SSA/MIS/ 46529
ਮਿਤੀ : ਚੰਡੀਗੜ੍ਹ 05 ਅਕਤੂਬਰ, 2018

**ਵਿਸ਼ਾ : ਡਾਇਰੀ /ਡਿਸਪੈਚ ਅਤੇ ਫਾਇਲ ਮੂਵਮੈਂਟ ਸਿਸਟਮ ਨੂੰ ਲਾਗੂ ਕਰਨ ਸਬੰਧੀ।**

1.0 ਸਿੱਖਿਆ ਵਿਭਾਗ ਵਲੋਂ ਜਿਲਾ ਅਤੇ ਬਲਾਕ ਦਫਤਰਾਂ ਵਿਚ ਡਇਰੀ / ਡਿਸਪੈਚ ਦੀ ਮੋਨੀਟਰਿੰਗ ਅਤੇ ਫਾਇਲਾਂ ਦੀ ਮੂਵਮੈਂਟ ਨੂੰ ਟਰੈਕ ਕਰਨ ਲਈ ਇੱਕ ਆਨਲਾਈਨ ਸਿਸਟਮ ਬਣਾਇਆ ਗਿਆ ਹੈ। ਇਹ ਸਿਸਟਮ ਮੁੱਖ ਦਫਤਰ ਦੇ ਸਮੂਹ ਡਾਇਰੈਕਟੋਰੇਟ ਅਤੇ ਸੋਸਾਇਟੀਆਂ ਵਿਚ ਪਹਿਲਾਂ ਤੋਂ ਹੀ ਲਾਗੂ ਕੀਤਾ ਜਾ ਚੁੱਕਾ ਹੈ।

2.0 ਇਸ ਆਨਲਾਈਨ ਸਿਸਟਮ ਦੀ ਟ੍ਰੇਨਿੰਗ ਪਹਿਲਾਂ ਵੀ ਜਿਲ੍ਹਾ ਦਫਤਰਾਂ ਨੂੰ ਦਿੱਤੀ ਗਈ ਸੀ ਅਤੇ ਅੱਜ ਮਿਤੀ 04-10-2018 ਨੂੰ ਮੁੜ ਜਿਲ੍ਹਾ ਐਮ.ਆਈ.ਐਸ. ਕੋਆਰਡੀਨੇਟਰਾਂ ਨੂੰ ਇਸ ਸਿਸਟਮ ਦੀ ਟ੍ਰੇਨਿੰਗ ਦੇ ਦਿੱਤੀ ਗਈ ਹੈ। ਵੀਡੀਓ ਕਾਨਫਰੈਂਸ ਰਾਹੀਂ ਜਿਲ੍ਹਾ ਐਮ.ਆਈ.ਐਸ. ਕੋਆਰਡੀਨੇਟਰਾਂ ਨੂੰ ਇਸ ਸਿਸਟਮ ਦੇ ਸਾਰੇ ਮਡਿਊਲ ਚੰਗੀ ਤਰ੍ਹਾਂ ਨਾਲ ਸਮਝਾਏ ਗਏ ਹਨ।

3.0 ਹਰ ਜਿਲ੍ਹਾ (ਸੈ.ਸਿ. ਅਤੇ ਐ.ਸਿ.) ਦਫਤਰ ਅਤੇ ਬਲਾਕ ਦਫਤਰ ਵਿਚ ਆਉਣ ਵਾਲੀ ਸਾਰੀ ਡਾਕ ਇਸ ਸਿਸਟਮ ਵਿਚ ਦਰਜ ਕੀਤੀ ਜਾਵੇਗੀ ਅਤੇ ਦਰਜ ਕਰਕੇ ਨੰਬਰ ਲਗਾਉਣ ਉਪਰੰਤ ਹੀ ਸਬੰਧਤ ਅਧਿਕਾਰੀਆਂ ਨੂੰ ਅਗਲੀ ਕਾਰਵਾਈ ਲਈ ਦਿੱਤੀ ਜਾਵੇਗੀ। ਇਸੀ ਤਰ੍ਹਾਂ ਹਰ ਅਧਿਕਾਰੀ ਵਲੋਂ ਆਪਣੀਆਂ ਫਾਇਲਾਂ ਵੀ ਇਸੀ ਸਿਸਟਮ ਨਾਲ ਆਨਲਾਈਨ ਨੰਬਰ ਲਗਾ ਕੇ ਮਾਰਕ ਕੀਤੀਆਂ ਜਾਣਗੀਆਂ। ਹਰ ਅਧਿਕਾਰੀ ਵਲੋਂ ਆਪਣੇ ਨਾਲ ਸਬੰਧਤ ਡਿਸਪੈਚ ਕਰਨ ਵਾਲੇ ਪੱਤਰ ਉੱਤੇ ਆਪ ਨੰਬਰ ਆਨਲਾਈਨ ਹੀ ਆਪਣੇ ਅਕਾਉਂਟ ਵਿਚੋਂ ਲਗਾਏ ਜਾਣਗੇ।

4.0 ਸਮੂਹ ਜਿਲ੍ਹਾ ਸਿੱਖਿਆ ਅਫਸਰ (ਸੈ.ਸਿ. ਅਤੇ ਐ.ਸਿ.) ਅਤੇ ਬਲਾਕ ਪ੍ਰਾਇਮਰੀ ਸਿੱਖਿਆ ਅਫਸਰ ਇਸ ਸਬੰਧੀ ਆਪਣੇ ਅਧੀਨ ਸਟਾਫ ਦੀ ਟ੍ਰੇਨਿੰਗ ਜਿਲ੍ਹਾ ਐਮ.ਆਈ.ਐਸ. ਕੋਆਰਡੀਨੇਟਰ ਤੋਂ ਤੁਰੰਤ ਕਰਵਾਉਣ ਅਤੇ ਮਿਤੀ 10-10-2018 ਤੱਕ ਇਸ ਸਿਸਟਮ ਨੂੰ ਆਪਣੇ ਦਫਤਰ ਵਿਚ ਲਾਗੂ ਕਰਨ।

5.0 ਇਸ ਆਨਲਾਈਨ ਸਿਸਟਮ ਸਬੰਧੀ ਕਿਸੇ ਵੀ ਕਿਸਮ ਦੇ ਸਹਿਯੋਗ ਲਈ ਮੁੱਖ ਦਫਤਰ ਦੀ ਐਮ.ਆਈ.ਐਸ. ਸ਼ਾਖਾ ਨਾਲ ਫੋਨ ਨੰਬਰ 0172-5212318 ਜਾਂ 5212332 ਉੱਤੇ ਸੰਪਰਕ ਕੀਤਾ ਜਾ ਸਕਦਾ ਹੈ।

**ਸਕੱਤਰ ਸਕੂਲ ਸਿੱਖਿਆ, ਪੰਜਾਬ**

**ਉਪਰੋਕਤ ਦਾ ਉਤਾਰਾ ਹੇਠ ਲਿਖਿਆਂ ਨੂੰ ਜਾਣਕਾਰੀ ਅਤੇ ਅਗਲੀ ਯੋਗ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ :-**

1) ਸਮੂਹ ਜਿਲ੍ਹਾ ਐਮ.ਆਈ.ਐਸ. ਕੋਆਰਡੀਨੇਟਰ, ਪੰਜਾਬ